# ਐਮਰਜੈਂਸੀ ਵਿੱਚ ਜਾਣਕਾਰੀ

MCCSA
Multicultural Communities Council of South Australia

**ਕਿਸੇ ਐਮਰਜੈਂਸੀ ਦੌਰਾਨ ਬਿਜਲੀ ਗੁੱਲ ਹੋਣ ਜਾਂ ਤੁਹਾਡਾ ਮੋਬਾਈਲ ਫ਼ੋਨ ਕੰਮ ਨਾ ਕਰਨ ਦੀ ਸਥਿਤੀ ਵਿੱਚ ਸੈੱਲਾਂ ਨਾਲ ਚੱਲਣ ਵਾਲੀ ਜਾਂ ਹੱਥ ਨਾਲ ਘੁੰਮਾਕੇ ਚੱਲਣ ਵਾਲੀ ਟਾਰਚ ਅਤੇ ਰੇਡੀਓ ਨੂੰ ਤਿਆਰ ਰੱਖੋ। ਸੈੱਲਾਂ ਦੀ ਨਿਯਮਤ ਤੌਰ 'ਤੇ ਜਾਂਚ ਕਰੋ।**

ABC ਅਧਿਕਾਰਤ ਐਮਰਜੈਂਸੀ ਪ੍ਰਸਾਰਕ ਹੈ - ਸਥਾਨਕ ABC ਰੇਡੀਓ ਸਟੇਸ਼ਨ ਆਪਣੇ ਇਲਾਕੇ ਨਾਲ ਸੰਬੰਧਿਤ ਐਮਰਜੈਂਸੀ ਚੇਤਾਵਨੀਆਂ ਅਤੇ ਸੂਚਨਾਵਾਂ ਦਾ ਪ੍ਰਸਾਰਣ ਕਰਦੇ ਹਨ।

ABC Listen ਐਪ ਤੁਹਾਨੂੰ ਆਸਟ੍ਰੇਲੀਆ ਦੇ ਆਸ-ਪਾਸ ਕਿਸੇ ਵੀ ABC ਰੇਡੀਓ ਸਟੇਸ਼ਨ ਤੋਂ ਸੰਕਟਕਾਲੀਨ ਪ੍ਰਸਾਰਣ ਸੁਣਨ ਦੀ ਆਗਿਆ ਦਿੰਦਾ ਹੈ।
ਇਸ ਨੂੰ **https://www.abc.net.au** 'ਤੇ ਡਾਊਨਲੋਡ ਕਰੋ।

Emergency Plus ਟ੍ਰਿਪਲ ਜ਼ੀਰੋ (000) 'ਤੇ ਫ਼ੋਨ ਕਰਨ ਵਾਲੇ ਨੂੰ ਐਮਰਜੈਂਸੀ ਸੇਵਾਵਾਂ ਨੂੰ ਪੁਹੰਚਣ ਲਈ ਲੋੜੀਂਦੇ ਅਤਿ-ਜ਼ਰੂਰੀ ਸਥਾਨ ਦੇ ਵੇਰਵੇ ਪ੍ਰਦਾਨ ਕਰਨ ਵਿੱਚ ਮੱਦਦ ਕਰਨ ਲਈ ਸਮਾਰਟ ਫ਼ੋਨਾਂ ਵਿੱਚ GPS ਸਹੂਲਤ ਦੀ ਵਰਤੋਂ ਕਰਦਾ ਹੈ।
ਇਸ ਨੂੰ **www.emergencyplus.com.au** ਤੋਂ ਡਾਊਨਲੋਡ ਕਰੋ।

Addinsight ਤੁਹਾਨੂੰ ਤੁਹਾਡੇ ਫ਼ੋਨ ਦੇ ਲਾਊਡ ਸਪੀਕਰ, ਹੈਂਡ-ਫ੍ਰੀ ਕਿੱਟ ਜਾਂ ਕਾਰ ਸਟੀਰੀਓ ਰਾਹੀਂ ਐਡੀਲੇਡ ਦੇ ਸੜਕੀ ਨੈੱਟਵਰਕ 'ਤੇ ਮੌਜੂਦ ਖ਼ਤਰਿਆਂ ਜਾਂ ਦੇਰੀ ਬਾਰੇ ਸੁਚੇਤ ਕਰਦੀ ਹੈ।
ਇਸ ਨੂੰ **www.addinsight.com/**ਤੋਂ ਡਾਊਨਲੋਡ ਕਰੋ।

Alert SA ਬੁਸ਼ਫਾਇਰ ਅਲਰਟ, ਚੇਤਾਵਨੀਆਂ, ਤਾਜ਼ਾ ਜਾਣਕਾਰੀ, ਅੱਗ ਲੱਗਣ ਦੇ ਖ਼ਤਰੇ ਦੀਆਂ ਰੇਟਿੰਗਾਂ ਅਤੇ ਅੱਗ ਜਲਾਉਣ 'ਤੇ ਲੱਗੀ ਪੂਰਨ ਪਾਬੰਦੀ ਨੂੰ ਦਿਖਾਉਂਦਾ ਹੈ। ਵਰਤੋਂਕਾਰ ਉਹਨਾਂ ਦੀ ਦਿਲਚਸਪੀ ਵਾਲੇ ਖੇਤਰਾਂ ਨੂੰ ਦਰਸਾਉਂਦੇ ਹੋਏ, ਕਈ ਨਜ਼ਰਸਾਨੀ ਜ਼ੋਨ (Watch Zone) ਬਣਾ ਸਕਦੇ ਹਨ।
ਇਸ ਨੂੰ **https://alert.sa.gov.au/** ਤੋਂ ਡਾਊਨਲੋਡ ਕਰੋ।

BOM Weather – ਹ ਐਪ ਤੁਹਾਨੂੰ ਆਸਟ੍ਰੇਲੀਆ ਦੇ ਅਧਿਕਾਰਤ ਮੌਸਮ ਸਰੋਤ, ਮੌਸਮ ਵਿਗਿਆਨ ਬਿਊਰੋ (Bureau of Meteorology) ਤੋਂ - ਜਿੱਥੇ ਵੀ ਤੁਸੀਂ ਹੋਵੋ ਉੱਥੇ - ਸਥਾਨਕ ਮੌਸਮ ਹਰ ਘੰਟੇ ਅਨੁਸਾਰ ਅਤੇ 7 ਦਿਨਾਂ ਦੇ ਪੂਰਵ ਅਨੁਮਾਨਾਂ, ਰਾਡਾਰ ਅਤੇ ਚੇਤਾਵਨੀਆਂ ਤੱਕ ਪਹੁੰਚ ਕਰਨ ਦਿੰਦਾ ਹੈ।
ਇਸ ਨੂੰ **www.bom.gov.au** ਤੋਂ ਡਾਊਨਲੋਡ ਕਰੋ।

## ਹੁਣੇ ਤਿਆਰੀ ਕਰੋ!

ਇਹ ਸੁਨੇਹਾ ਤੁਹਾਡੇ ਲਈ Multicultural Communities Council of South Australia ਵੱਲੋਂ ਆਸਟ੍ਰੇਲੀਆ ਅਤੇ ਸਾਊਥ ਆਸਟ੍ਰੇਲੀਆਈ ਸਰਕਾਰਾਂ ਵੱਲੋਂ ਮਾਲੀ ਸਹਾਇਤਾ ਪ੍ਰਾਪਤ ਆਫ਼ਤ ਦਾ ਜ਼ੋਖਮ ਘਟਾਉਣ ਵਾਲੇ ਪ੍ਰੋਜੈਕਟ (Disaster Risk Reduction) ਦੇ ਹਿੱਸੇ ਵਜੋਂ ਲਿਆਂਦਾ ਗਿਆ ਸੀ।

**Multicultural Communities Council of South Australia**
113 Gilbert Street, Adelaide SA 5000
**PHONE** (08) 8345 5266
**E** mccsa@mccsa.org.au
**www.mccsa.org.au**